ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਰਜਿਸਟਰਾਰ, (ਸੈਕਸਨਿੰਗ ਅਥਾਰਟੀਜ਼)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸ: ਆਫ ਟੈਕ: ਰੋਪੜ੍ਹ
4. ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ: ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

7-21 ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ,ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ੍ਹ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜ਼ਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ, ਲੜਕੀਆ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ੍ਹ।

28. ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ: ਲੁਧਿਆਣਾ
29. ਕੋਆਰਡੀਨੇਟਰ ਸਕਾਲਰਸ਼ਿਪ (ਮੁੱਖ ਦਫਤਰ)

ਮੀਮੋ ਨੰ: 366 ਸਕਾਲਰਸ਼ਿਪ/ਵੈਬ ਪੋਰਟਲ ਮਿਤੀ: 17/6/14

ਵਿਸ਼ਾ: **Instruction regarding implementation for scholarship portal for the financial year 2014-15.**

ਹਵਾਲਾ: ਇਸ ਦਫ਼ਤਰ ਦੇ ਮੀਮੋ ਨੰ: 278 ਮਿਤੀ 09.05.2014 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਭਲਾਈ ਵਿਭਾਗ ਦੇ ਪੱਤਰ ਨੰ: 19590-595 ਮਿਤੀ 08.05.2014 ਦੇ ਹਵਾਲੇ ਨਾਲ ਆਪਣੀ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਤੋਂ ਹੇਠ ਲਿਖੇ ਨੁਕਤਿਆਂ ਤੇ ਸਰਟੀਫਿਕੇਟ ਲੈ ਕੇ ਕੰਪਾਈਲਡ ਰੂਪ ਵਿੱਚ ਲਾਈਨ ਵਿਭਾਗ ਨੂੰ ਈ-ਮੇਲ Id dtescholarship@yahoo.com ਰਾਹੀਂ ਮਿਤੀ 19.05.2014 ਤੱਕ ਭੇਜਣ ਲਈ ਲਿਖਿਆ ਗਿਆ ਸੀ।

1. All the details of the institutes, including its mobile number and email address are correct.
2. The institute must have entered all the courses and fees on the portal.
3. Institute should ensure the correctness of its phone number, email address and bank account number.
4. If there are any additional courses, fees heads etc, the same may be intimated to Head office for inclusion in the portal by NIC.

ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਲੋੜੀਂਦਾ ਸਰਟੀਫਿਕੇਟ ਉਪਰੋਕਤ ਤਿੰਨ ਨੁਕਤਿਆਂ ਤੇ ਹੀ ਭੇਜਿਆ ਜਾਵੇ।

ਵਿਸ਼ੇਸ਼ ਨੋਟ: ਨੁਕਤਾ ਨੰ: 4 ਸਬੰਧੀ ਜੇਕਰ ਕੋਈ ਵਾਧੂ ਕੋਰਸਾਂ ਅਤੇ ਫੀਸਾਂ ਦੇ ਹੈੱਡਾਂ ਆਦਿ ਸਬੰਧੀ ਸੂਚਨਾ ਪੋਰਟਲ ਵਿੱਚ ਦਰਜ਼ ਕੀਤੀ ਜਾਣੀ ਹੈ ਤਾਂ ਉਸ ਸਬੰਧੀ ਸੰਸਥਾਵਾਂ, ਸਬੰਧਤ ਸੈਕਸ਼ਨਿੰਗ ਅਥਾਰਟੀਜ਼ ਰਾਹੀਂ ਸੂਚਨਾ ਲਾਈਨ ਵਿਭਾਗ ਨੂੰ ਮਿਤੀ 20.06.2014 ਤੱਕ ਹਰ ਹਾਲਤ ਵਿੱਚ ਭੇਜੀ ਜਾਵੇ ਤਾਂ ਜੋ ਸੂਚਨਾ ਐਨ.ਆਈ.ਸੀ. ਨੂੰ ਫਾਰਵਰਡ ਕੀਤੀ ਜਾ ਸਕੇ।

ਇਸ ਤੋਂ ਇਲਾਵਾ ਇਸ ਦਫ਼ਤਰ ਦੇ ਪੱਤਰ ਨੰ: 275 ਮਿਤੀ 09.05.2014 ਰਾਹੀਂ ਇਹ ਵੀ ਸੂਚਿਤ ਕੀਤਾ ਗਿਆ ਸੀ ਕਿ ਆਪ ਦੀ ਸੰਸਥਾ ਅਤੇ ਆਪਦੇ ਅਧੀਨ ਆਉਂਦੀਆਂ ਸੰਸਥਾਵਾਂ ਵਿੱਚ ਚੱਲ ਰਹੇ ਕੋਰਸਾਂ ਜਿਵੇਂ ਕਿ ਡਿਗਰੀ, ਡਿਪਲੋਮਾ ਅਤੇ ਨਾਨ-ਏ.ਆਈ.ਸੀ.ਟੀ.ਈ. ਦੀਆਂ ਅਪਡੇਟਿਡ ਸੂਚੀਆਂ ਮਿਤੀ 14.05.2014 ਤੱਕ ਇਸ ਦਫ਼ਤਰ ਨੂੰ ਹਾਰਡ ਕਾਪੀ ਅਤੇ ਸਾਫਟ ਕਾਪੀਆਂ ਭੇਜਣ ਲਈ ਲਿਖਿਆ ਗਿਆ ਸੀ। ਪ੍ਰੰਤੂ ਇਹ ਸੂਚਨਾ ਅਜੇ ਤੱਕ ਕਿਸੇ ਵੀ ਸੰਸਥਾ ਪਾਸੋਂ ਪ੍ਰਾਪਤ ਨਹੀਂ ਹੋਈ। ਇਸ ਲਈ ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸੂਚਨਾ ਤੁਰੰਤ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਨ੍ਹਾਂ ਸੂਚੀਆਂ ਨੂੰ ਚੰਗੀ ਤਰ੍ਹਾਂ ਘੋਖ ਕੇ ਭੇਜਿਆ ਜਾਵੇ, ਕਿਉਂ ਜੋ ਭਲਾਈ ਵਿਭਾਗ ਵੱਲੋਂ ਦੱਸੇ ਅਨੁਸਾਰ ਸੈਸ਼ਨ ਦੇ ਵਿਚਕਾਰ ਪੋਰਟਲ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਨਹੀਂ ਕੀਤੀ ਜਾਵੇਗੀ। ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਤਰੁੱਟੀ ਰਹਿ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ:

ਉਪਰਕੋਤ ਦਾ ਉਤਾਰਾ ਪ੍ਰੋਗਰਾਮਰ ਮੁੱਖ ਦਫਤਰ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।